# 8ਵੀਂ ਜਮਾਤ

# ਕੰਪਿਊਟਰ ਸਾਇੰਸ

# ਪ੍ਰਸ਼ਨ ਬੈਂਕ

## (ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ)

ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ ਮੁਹਾਲੀ

## ਪਾਠ-1

## ਟਾਈਪਿੰਗ ਟਿਊਟਰ (ਪੰਜਾਬੀ)

### ਪ੍ਰਸ਼ਨ:1 ਖਾਲੀ ਥਾਵਾਂ ਭਰੋ:

**1. _______ ਫੌਂਟ ਦੀ ਵਰਤੋਂ ਪੰਜਾਬੀ ਵਿੱਚ ਟਾਈਪ ਕਰਨ ਲਈ ਕੀਤੀ ਜਾਂਦੀ ਹੈ।**

ੳ) AnmolLipi (ਅਨਮੋਲ ਲਿੱਪੀ)

ਅ) Raavi (ਰਾਵੀ)

ੲ) Joy (ਜੁਆਏ)

ਸ) ਉਪਰੋਕਤ ਸਾਰੇ

**2. UNICODE ਦਾ ਪੂਰਾ ਨਾਂ ਕੀ ਹੈ?**

ੳ) ਯੂਨੀਅਨ ਕੋਡ

ਅ) ਯੂਨੀਫਾਈਡ ਕੋਡ

ੲ) ਯੂਨੀਵਰਸਲ ਕੋਡ

ਸ) ਇਹਨਾਂ ਵਿਚੋਂ ਕੋਈ ਨਹੀਂ

**3. ਹੇਠ ਲਿਖਿਆਂ ਵਿਚੋਂ ਕਿਹੜਾ UNICODE ਫੌਂਟ ਪੰਜਾਬੀ ਵਿਚ ਟਾਈਪਿੰਗ ਲਈ ਵਰਤਿਆ ਜਾਂਦਾ ਹੈ?**

ੳ) ਅਨਮੋਲ ਲਿੱਪੀ

ਅ) ਰਾਵੀ

ੲ) ਅਸੀਸ

ਸ) ਉਪਰੋਕਤ ਸਾਰੇ

**4. ਹੇਠ ਲਿਖਿਆਂ ਵਿਚੋਂ ਕਿਹੜਾ ਫੋਨੇਟਿੱਕ ਫੌਂਟ ਪੰਜਾਬੀ ਵਿਚ ਟਾਈਪਿੰਗ ਲਈ ਵਰਤਿਆ ਜਾਂਦਾ ਹੈ।**

ੳ) ਅਨਮੋਲ ਲਿੱਪੀ

ਅ) ਰਾਵੀ

ੲ) ਅਸੀਸ

ਸ) ਉਪਰੋਕਤ ਸਾਰੇ

**5. ਨੰਬਰਪੈਡ ਦੀ ਵਰਤੋਂ ਲਈ ________ ਕੀਅ ON ਰੱਖਣੀ ਚਾਹੀਦੀ ਹੈ।**

ੳ) Num lock (ਨਮ ਲਾਕ)

ਅ) Caps Lock (ਕੈਪਸ ਲਾਕ)

ੲ) Scroll lock (ਸਕਰੋਲ ਲਾਕ)

ਸ) ਇਹਨਾਂ ਵਿਚੋਂ ਕੋਈ ਨਹੀਂ

**6. ਦੋ ਸ਼ਬਦਾਂ ਵਿੱਚ ਖਾਲੀ ਥਾਂ (ਸਪੇਸ) ਛੱਡਣ ਲਈ __________ ਕੀਅ ਦੀ ਵਰਤੋਂ ਕੀਤੀ ਜਾਂਦੀ ਹੈ।**

ੳ) ਸਪੇਸਬਾਰ

ਅ) ਐਂਟਰ

ੲ) ਬੈਕਸਪੇਸ

ਸ) ਸ਼ਿਫਟ

**7. ਐਂਟਰ ਕੀਅ ਦੀ ਵਰਤੋਂ ਕਿਸ ਕੰਮ ਲਈ ਕੀਤੀ ਜਾਂਦੀ ਹੈ?**

ੳ) ਦੋ ਸ਼ਬਦਾਂ ਵਿਚਕਾਰ ਖਾਲੀ ਥਾਂ ਛੱਡਣ ਲਈ

ਅ) ਨਵੀਂ ਲਾਈਨ ਤੇ ਜਾਣ ਲਈ

ੲ) ਅੱਖਰ ਮਿਟਾਉਣ ਲਈ

ਸ) ਨੰਬਰ ਪੈਡ ਦੀ ਵਰਤੋਂ ਕਰਨ ਲਈ

**ਉੱਤਰ:**

1. ਸ) ਉਪਰੋਕਤ ਸਾਰੇ
2. ੲ) ਯੂਨੀਵਰਸਲ ਕੋਡ
3. ਅ) ਰਾਵੀ
4. ੳ) ਅਨਮੋਲ ਲਿੱਪੀ
5. ੳ) Num lock (ਨਮ ਲਾਕ)
6. ੳ) ਸਪੇਸਬਾਰ
7. ਅ) ਨਵੀਂ ਲਾਈਨ ਤੇ ਜਾਣ ਲਈ

**ਪ੍ਰਸ਼ਨ:2 ਸਹੀ ਜਾਂ ਗਲਤ ਲਿਖੋ।**

1. ਟਾਈਪਿੰਗ ਕਰਨ ਲਈ ਕੀਅਬੋਰਡ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ - ਇੱਕ ਖੱਬੇ ਹੱਥ ਲਈ ਅਤੇ ਇੱਕ ਸੱਜੇ ਹੱਥ ਲਈ।
2. ਟੱਚ ਟਾਈਪਿੰਗ ਇੱਕ ਅਜਿਹੀ ਤਕਨੀਕ ਹੈ ਜਿਸ ਰਾਹੀਂ ਅਸੀਂ ਕੀਅ-ਬੋਰਡ ਨੂੰ ਦੇਖਦੇ ਹੋਏ ਤੇਜ਼ ਰਫਤਾਰ ਟਾਈਪਿੰਗ ਕਰਨੀ ਸਿਖਦੇ ਹਾਂ।
3. ਅਨਮੋਲ ਲਿੱਪੀ ਫੌਂਟ ਸਾਨੂੰ ਪੰਜਾਬੀ ਵਿੱਚ ਟਾਈਪ ਕਰਨ ਵਿੱਚ ਮਦਦ ਕਰਦਾ ਹੈ।

**4. ਸਪੇਸਬਾਰ ਕੀਅ ਦਬਾਉਣ ਲਈ ਅਸੀਂ ਛੋਟੀ ਉਂਗਲ ਦੀ ਵਰਤੋਂ ਕਰਦੇ ਹਾਂ।**

**5. Shift ਕੀਅ ਦੀ ਵਰਤੋਂ ਅਗਲੀ ਲਾਈਨ ਤੇ ਜਾਣ ਲਈ ਕੀਤੀ ਜਾਂਦੀ ਹੈ।**

**6. ਰਾਵੀ ਫੌਂਟ ਇੱਕ ਫੌਨੇਟਿੱਕ ਫੌਂਟ ਦੀ ਉਦਾਹਰਣ ਹੈ।**

| | | |
|---|---|---|
| **ਉੱਤਰ:** | **1. ਸਹੀ** | **2. ਗਲਤ** |
| | **3. ਸਹੀ** | **4. ਗਲਤ** |
| | **5. ਗਲਤ** | **6. ਗਲਤ** |

**ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ।**

**ਪ੍ਰ:1 ਟੱਚ ਟਾਈਪਿੰਗ ਕੀ ਹੈ?**

**ਪ੍ਰ:2 ਪੰਜਾਬੀ ਵਿਚ ਟਾਈਪਿੰਗ ਲਈ ਕਿਹੜੇ ਵੱਖ-ਵੱਖ ਕਿਸਮਾਂ ਦੇ ਫੌਂਟਸ ਦੀ ਵਰਤੋਂ ਕੀਤੀ ਜਾਂਦੀ ਹੈ?**

**ਪ੍ਰ:3 ਪੰਜਾਬੀ ਭਾਸ਼ਾ ਵਿੱਚ ਟਾਈਪਿੰਗ ਕਿਵੇਂ ਕੀਤੀ ਜਾਂਦੀ ਹੈ?**

**ਪ੍ਰ:4 ਪੰਜਾਬੀ ਭਾਸ਼ਾ ਵਿੱਚ ਟਾਈਪ ਕਰਨ ਲਈ ਕੋਈ ਤਿੰਨ ਫੋਟਜ਼ ਦੇ ਨਾਮ ਲਿਖੋ।**

**ਪ੍ਰ:5 ਕੀਬੋਰਡ ਦੀ ਐਂਟਰ ਕੀਅ ਸੰਬੰਧੀ ਜਾਣਕਾਰੀ ਦਿਓ।**

**ਪ੍ਰ:6 ਕੀਬੋਰਡ ਦੀ ਬੈਕਸਪੇਸ ਕੀਅ ਸੰਬੰਧੀ ਜਾਣਕਾਰੀ ਦਿਓ।**

**ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਅਸੀਂ ਟਾਈਪਿੰਗ ਸਪੀਡ ਨੂੰ ਕਿਵੇਂ ਵਧਾਅ ਸਕਦੇ ਹਾਂ?**

**ਪ੍ਰ:2 ਟਾਈਪਿੰਗ ਕਰਦੇ ਸਮੇਂ ਬੈਠਣ ਦੇ ਸਹੀ ਤਰੀਕੇ ਸੰਬੰਧੀ ਕਿਹੜੀਆਂ ਮਹੱਤਵਪੂਰਨ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।**

**ਪ੍ਰ:3 ਕੀਅਬੋਰਡ ਉਪਰ ਮੌਜੂਦ ਨੰਬਰ ਪੈਡ ਬਾਰੇ ਜਾਣਕਾਰੀ ਦਿਓ।**

# ਪਾਠ-2

## ਇੰਟਰਨੈਟ ਫੰਡਾਮੈਂਟਲਸ

### ਪ੍ਰਸ਼ਨ:1 ਖਾਲੀ ਥਾਵਾਂ ਭਰੋ:

**1. ਇੰਟਰਨੈਸ਼ਨਲ ਨੈਟਵਰਕ ਆਫ ਕੰਪਿਊਟਰਜ਼ ਨੂੰ _________ ਕਿਹਾ ਜਾਂਦਾ ਹੈ।**

ੳ) ਅਰਪਾਨੈਟ

ਅ) ਇੰਟਰਾਨੈਟ

ੲ) ਇੰਟਰਨੈਟ

ਸ) ਇਥਰਨੈਟ

**2. WWW ਦਾ ਮਤਲਬ ਹੈ ___________________.**

ੳ) ਵਰਲਡ ਵਾਈਡ ਵੈਬ

ਅ) ਵਾਈਡ ਵਰਲਡ ਵੈਬ

ੲ) ਵਰਲਡ ਵੈਬ ਵਾਈਡ

ਸ) ਵੈਬ ਵਰਲਡ ਵਾਈਡ

**3. ____________ ਇੰਟਰਨੈਟ ਉੱਪਰ ਆਨਲਾਈਨ ਗੱਲਬਾਤ ਕਰਨਾ ਹੁੰਦਾ ਹੈ।**

ੳ) ਈ-ਕਾਮਰਸ

ਅ) ਵਰਲਡ ਵਾਈਡ ਵੈਬ

ੲ) ਚੈਟਿੰਗ

ਸ) ਇਹਨਾਂ ਵਿਚੋਂ ਕੋਈ ਨਹੀਂ

**4. ਮੇਲ ਭੇਜਣ ਦਾ ਸਭ ਤੋਂ ਤੇਜ਼ ਤਰੀਕਾ _________ ਹੁੰਦਾ ਹੈ।**

ੳ) ਟੈਲੀਗ੍ਰਾਮ

ਅ) ISP

ੲ) ਚਿੱਠੀਆਂ

ਸ) ਈ-ਮੇਲ

**5. _________ ਇੱਕ ਡਿਵਾਈਸ ਹੈ ਜੋ ਕੰਪਿਊਟਰ ਨੂੰ ਟੈਲੀਫੋਨ ਲਾਈਨ ਨਾਲ ਜੋੜਦਾ ਹੈ।**

ੳ) ਮਾਡਮ

ਅ) ਮਾਊਸ

ੲ) ਟੈਲੀਫੋਨ ਤਾਰ

ਸ) ਮੋਬਾਈਲ

**6. ਉਹ ਕੰਪਨੀਆਂ ਜੋ ਸਾਨੂੰ ਇੰਟਰਨੈਟ ਦੀ ਸੁਵਿਧਾ ਪ੍ਰਦਾਨ ਕਰਦੀਆਂ ਹਨ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?**

ੳ) ਇੰਟਰਨੈਟ ਸੋਰਸ ਪ੍ਰੋਵਾਈਡਰ

ਅ) ਇੰਟਰਨੈਟ ਸਰਵਿਸ ਪਾਵਰ

ੲ) ਇੰਟਰਨੈਸ਼ਨਲ ਸਰਵਿਸ ਪ੍ਰੋਵਾਈਡਰ

ਸ) ਇੰਟਰਨੈਟ ਸਰਵਿਸ ਪ੍ਰੋਵਾਈਡਰ

**7. ਇੰਟਰਨੈਟ ਉਪਰ ਕੁੱਝ ਲੱਭਣ ਲਈ ਹੇਠ ਲਿਖਿਆਂ ਵਿਚੋਂ ਕਿਸ ਦੀ ਵਰਤੋਂ ਕੀਤੀ ਜਾਂਦੀ ਹੈ?**

ੳ) ਸਰਚ ਇੰਜਣ

ਅ) ਈ ਮੇਲ

ੲ) ਡਾਟਾ ਇੰਜਣ

ਸ) ਈ-ਕਾਮਰਸ

**ਉੱਤਰ:**

1. ੲ) ਇੰਟਰਨੈਟ
2. ੳ) ਵਰਲਡ ਵਾਈਡ ਵੈਬ
3. ੲ) ਚੈਟਿੰਗ
4. ਸ) ਈ-ਮੇਲ
5. ੳ) ਮਾਡਮ
6. ਸ) ਇੰਟਰਨੈਟ ਸਰਵਿਸ ਪ੍ਰੋਵਾਈਡਰ
7. ੳ) ਸਰਚ ਇੰਜਣ

**ਪ੍ਰਸ਼ਨ:2 ਪੂਰੇ ਰੂਪ ਲਿਖੋ**

1. **WWW** : ਵਰਲਡ ਵਾਈਡ ਵੈਬ (World Wide Web)
2. **E Mail** : ਇਲੈਕਟ੍ਰੋਨਿੱਕ ਮੇਲ (Electronic Mail)
3. **MODEM** : ਮਾਡੂਲੇਟਰ ਡੀਮਾਡੂਲੇਟਰ (Modulator Demodulator)
4. **ARPANET** : ਐਡਵਾਂਸਡ ਰੀਸਰਚ ਪ੍ਰੋਜੈਕਟ ਐਜੰਸੀ ਨੈਟਵਰਕ (Advanced Research Project Agency Network)

5. **ISDN** : **ਇੰਟੀਗ੍ਰੇਟਿਡ ਸਰਵੀਸਿਜ਼ ਡੀਜ਼ਿਟਲ ਨੈਟਵਰਕ (Integrated Services Digital Network)**
6. **DSL** : **ਡੀਜ਼ੀਟਲ ਸਬਸਕ੍ਰਾਈਬਰ ਲਾਈਨ (Digital Subscriber Line)**
7. **ISP** : **ਇੰਟਰਨੈਟ ਸਰਵਿਸ ਪ੍ਰੋਵਾਈਡਰ (Internet Service Provider)**

## ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ

**ਪ੍ਰ:1 ਇੰਟਰਨੈਟ ਕੀ ਹੈ?**

**ਪ੍ਰ:2 ਇੰਟਰਨੈਟ ਸਰਵਿਸ ਪ੍ਰੋਵਾਈਡਰ ਦੀਆਂ ਕੁੱਝ ਉਦਾਹਰਣਾਂ ਲਿਖੋ।**

**ਪ੍ਰ:3 ਈ-ਕਾਮਰਸ ਤੋਂ ਤੁਸੀਂ ਕੀ ਸਮਝਦੇ ਹੋ?**

**ਪ੍ਰ:4 ਵੈਬ ਬ੍ਰਾਉਜ਼ਿੰਗ ਕੀ ਹੈ?**

**ਪ੍ਰ:5 ਵੈਬ ਸਰਚਿੰਗ ਤੋਂ ਕੀ ਭਾਵ ਹੈ?**

## ਪ੍ਰਸ਼ਨ: 4 ਵੱਡੇ ਉਤਰਾਂ ਵਾਲੇ ਪ੍ਰਸ਼ਨ

**ਪ੍ਰ:1 ਮਾਡਮ (MODEM) ਕੀ ਹੈ? ਇਸਦੀਆਂ ਕਿਸਮਾਂ ਅਤੇ ਰਫਤਾਰ ਸੰਬੰਧੀ ਜਾਣਕਾਰੀ ਦਿਓ।**

**ਪ੍ਰ:2 ਇੰਟਰਨੈਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸਹੂਲਤਾਂ ਦਾ ਵਰਨਣ ਕਰੋ।**

**ਪ੍ਰ:3 ਈ-ਮੇਲ ਕੀ ਹੈ? ਈ-ਮੇਲ ਦੀ ਵਰਤੋਂ ਦੇ ਲਾਭ ਲਿਖੋ।**

**ਪ੍ਰ:4 ਵਰਲਡ ਵਾਈਡ ਵੈਬ (WWW) ਉੱਪਰ ਨੋਟ ਲਿਖੋ।**

**ਪ੍ਰ:5 ਇੰਟਰਨੈਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਮੁੱਖ ਸੇਵਾਵਾਂ ਦਾ ਵਰਨਣ ਕਰੋ।**

# ਪਾਠ 3

## ਸੂਚਨਾ ਟੈਕਨੋਲੋਜੀ ਨਾਲ ਜਾਣ ਪਛਾਣ

### ਪ੍ਰਸ਼ਨ:1 ਖਾਲੀ ਥਾਵਾਂ ਭਰੋ:

**1. ________ ਤੋਂ ਭਾਵ ਹੈ ਸਾਡਾ ਕੰਪਿਊਟਰ ਇੰਟਰਨੈਟ ਤੋਂ ਡਾਟਾ ਪ੍ਰਾਪਤ ਕਰ ਰਿਹਾ ਹੈ।**

ੳ. ਅਪਲੋਡਿੰਗ (Uploading)

ਅ. ਡਾਊਨਲੋਡਿੰਗ (Downloading)

ੲ. ਸਰਫਿੰਗ (Surfing)

ਸ. ਇਹਨਾਂ ਵਿਚੋਂ ਕੋਈ ਨਹੀਂ

**2. ਵੈੱਬ ਸਾਈਟ ਨੂੰ ਖੋਲਣ ਸਮੇਂ ਉਸ ਵੈਬਸਾਈਟ ਦਾ ਜੋ ਸਭ ਤੋਂ ਪਹਿਲਾ ਵੈਬ ਪੇਜ਼ ਖੁੱਲਦਾ ਹੈ, ਉਸਨੂੰ ______________ ਕਿਹਾ ਜਾਂਦਾ ਹੈ।**

ੳ. ਹੋਮ ਪੇਜ਼ (Home Page)

ਅ. ਵੈਬ ਪੇਜ਼ (Web Page)

ੲ. ਮੇਨ ਪੇਜ਼ (Main Page)

ਸ. ਇਹਨਾਂ ਵਿਚੋਂ ਕੋਈ ਨਹੀਂ

**3. ________ ਦਾ ਅਰਥ ਹੈ ਇੰਟਰਨੈਟ ਨਾਲ ਜੁੜੇ ਹੋਣਾ।**

ੳ. ਆਫਲਾਈਨ (Offline)

ਅ. ਆਨਲਾਈਨ (Online)

ੲ. ਇਨਲਾਈਨ (Inline)

ਸ. ਇਹਨਾਂ ਵਿਚੋਂ ਕੋਈ ਨਹੀਂ

**4. ______________ ਤੋਂ ਭਾਵ ਹੈ ਇੰਟਰਨੈਟ ਉੱਤੇ ਆਪਣੇ ਮਨਪਸੰਦ ਵਿਸ਼ੇ ਨੂੰ ਲੱਭਦੇ ਹੋਏ ਇੱਕ ਵੈਬ ਪੇਜ਼ ਤੋਂ ਦੂਜੇ ਵੈਬ ਪੇਜ਼ ਤੇ ਜਾਂ ਇੱਕ ਵੈਬ ਸਾਈਟ ਤੋਂ ਦੂਜੀ ਵੈਬ ਸਾਈਟ ਤੇ ਜਾਣਾ।**

ੳ. ਵੈਬ ਸਰਚਿੰਗ (Web Searching)

ਅ. ਡਾਊਨਲੋਡਿੰਗ (Downloading)

ੲ. ਵੈਬ ਸਰਫਿੰਗ

ਸ. ਉਪਰੋਕਤ ਸਾਰੇ

**5. _________ ਇਲੈਕਟ੍ਰਾਨਿਕ ਕਾਮਰਸ (Commerce) ਜਾਂ ਵਪਾਰ ਕਰਨ ਦਾ ਇੱਕ ਤਰੀਕਾ ਹੈ ਜੋ ਕਿ ਯੂਜ਼ਰ ਨੂੰ ਇੰਟਰਨੈਟ ਤੇ ਵੈਬ ਬ੍ਰਾਊਜਰ ਦੀ ਵਰਤੋਂ ਕਰਦੇ ਹੋਏ ਚੀਜਾਂ ਜਾਂ ਸੇਵਾਵਾਂ ਖਰੀਦਣ ਦੀ ਸੁਵਿਧਾ ਪ੍ਰਦਾਨ ਕਰਦਾ ਹੈ।.**

ੳ. ਨੈਟ ਬੈਂਕਿੰਗ (Net Banking)

ਅ. ਈ-ਮੇਲ (E-Mail)

ੲ. ਆਨਲਾਈਨ ਸ਼ਾਪਿੰਗ

ਸ. ਮੋਬਾਈਲ (Mobile)

**6. ਵੈੱਬ ਸਾਈਟ ਦੇ ਪੇਜਾਂ ਨੂੰ ਇੱਕ ਸਾਧਾਰਣ ਵੈੱਬ ਐਡਰੈਸ, ਜਿਸਨੂੰ ___________ ਵੀ ਕਿਹਾ ਜਾਂਦਾ ਹੈ?**

ੳ) ਈ ਮੇਲ ਐਡਰੈਸ

ਅ) ਡੋਮੇਨ ਨੇਮ

ੲ) ਸਰਚ ਇੰਜਣ

ਸ) ਯੂਨੀਫਾਰਮ ਰਿਸੋਰਸ ਲੋਕੇਟਰ

**ਉੱਤਰ:**

1. ਅ. ਡਾਊਨਲੋਡਿੰਗ (Downloading)
2. ੳ. ਹੋਮ ਪੇਜ਼ (Home Page)
3. ਅ. ਆਨਲਾਈਨ (Online)
4. ੲ. ਵੈਬ ਸਰਫਿੰਗ
5. ੲ. ਆਨਲਾਈਨ ਸ਼ਾਪਿੰਗ
6. ਸ) ਯੂਨੀਫਾਰਮ ਰਿਸੋਰਸ ਲੋਕੇਟਰ

## ਪ੍ਰਸ਼ਨ:2 ਸਹੀ ਜਾਂ ਗਲਤ ਲਿਖੋ

1. ਕਿਸੇ ਵੀ ਬੋਰਡ ਜਾਂ ਯੂਨੀਵਰਸਿਟੀ ਦਾ ਰਿਜ਼ਲਟ ਆਨਲਾਈਨ ਦੇਖਿਆ ਜਾ ਸਕਦਾ ਹੈ।
2. ਆਫਲਾਈਨ ਦਾ ਅਰਥ ਹੈ, ਇੰਟਰਨੈਟ ਨਾਲ ਜੁੜੇ ਹੋਣਾ।
3. ਵੈਬਸਾਈਟ ਵਿੱਚ ਕੇਵਲ ਇੱਕ ਹੀ ਵੈਬ ਪੇਜ਼ ਹੁੰਦਾ ਹੈ।
4. ਵੈਬ ਸਰਚ ਵੈਬ ਪੇਜਾਂ ਨੂੰ ਲੱਭਣ ਦੀ ਇੱਕ ਪ੍ਰਕਿਰਿਆ ਹੈ।
5. ਹਰ ਵੈੱਬ ਸਾਈਟ ਦਾ ਆਪਣਾ ਇੱਕ ਵਿਲੱਖਣ ਵੈਬ ਐਡਰੈਸ ਹੁੰਦਾ ਹੈ।
6. ਹਰੇਕ ਵੈਬ ਸਾਈਟ ਨੂੰ ਇਕ ਡੋਮੇਨ ਨੇਮ ਦਿਤਾ ਜਾਂਦਾ ਹੈ।

**ਉੱਤਰ:**

1. ਸਹੀ
2. ਗਲਤ
3. ਗਲਤ
4. ਸਹੀ
5. ਸਹੀ
6. ਸਹੀ

## ਪ੍ਰਸ਼ਨ:3 ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1. ਇਨਫਾਰਮੇਸ਼ਨ ਟੈਕਨੋਲੋਜੀ (ਸੂਚਨਾ ਤਕਨੀਕ) ਕੀ ਹੈ?**

**ਪ੍ਰ:2 ਵੈਬਸਾਈਟ ਕੀ ਹੁੰਦੀ ਹੈ?**

**ਪ੍ਰ:3 ਸਰਚਿੰਗ ਕੀ ਹੁੰਦੀ ਹੈ?**

**ਪ੍ਰ:4 ਆਨਲਾਈਨ ਅਤੇ ਆਫਲਾਈਨ ਬਾਰੇ ਦੱਸੋ।**

**ਪ੍ਰ:5 ਯੂਨੀਫਾਰਮ ਰਿਸੋਰਸ ਲੋਕੇਟਰ ਕੀ ਹੁੰਦਾ ਹੈ?**

## ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਇਨਫਾਰਮੇਸ਼ਨ ਟੈਕਨੋਲੋਜੀ ਦੀ ਜਰੂਰਤ ਦੀ ਵਿਆਖਿਆ ਕਰੋ।**

**ਪ੍ਰ:2 ਆਨਲਾਈਨ ਰਿਜ਼ਲਟ ਦੇਖਣ ਦੇ ਸਟੈਪ ਲਿਖੋ।**

**ਪ੍ਰ:3 ਮੋਬਾਈਲ ਟੈਕਨੋਲੋਜੀ ਉੱਪਰ ਨੋਟ ਲਿਖੋ।**

**ਪ੍ਰ:4 ਆਨਲਾਈਨ ਸ਼ਾਪਿੰਗ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਥਾਰ ਨਾਲ ਦਸੋ।**

**ਪ੍ਰ:5 ਨੈਟ ਬੈਂਕਿੰਗ ਦੀ ਵਿਆਖਿਆ ਕਰੋ।**

**ਪ੍ਰ:6 ਡਾਊਨਲੋਡਿੰਗ ਤੋ ਕੀ ਭਾਵ ਹੈ?**

# ਪਾਠ 4

## ਮਾਈਕਰੋਸਾਫਟ ਪਾਵਰਪੁਆਇੰਟ ਭਾਗ-1

**ਪ੍ਰਸ਼ਨ:1 ਖਾਲੀ ਥਾਵਾਂ ਭਰੋ:**

**1. ____________ ਇੱਕ ਪ੍ਰੈਜ਼ਨਟੇਸ਼ਨ ਗ੍ਰਾਫਿਕਸ ਸਾਫਟਵੇਅਰ ਹੈ।**

ੳ) ਪਾਵਰਪੁਆਂਇੰਟ (PowerPoint)

ਅ) ਵਰਡ (Word)

ੲ) ਐਕਸਲ (Excel)

ਸ) ਪੇਂਟ (Paint)

**2. _______________ ਕਿਸੇ ਵਿਸ਼ੇ ਨੂੰ ਰੋਚਕ ਤਰੀਕੇ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੀ ਪ੍ਰਕਿਰਿਆ ਹੈ।**

ੳ) ਵਰਡ ਪ੍ਰੋਸੈਸਰ

ਅ) ਸਲਾਇਡ

ੲ) ਪ੍ਰੈਜ਼ਨਟੇਸ਼ਨ

ਸ) ਟ੍ਰਾਂਜੀਸ਼ਨ (Transition)

**3. ਇੱਕ _________ ਪ੍ਰੈਜ਼ਨਟੇਸ਼ਨ ਦਾ ਇੱਕ ਪੇਜ਼ ਹੁੰਦਾ ਹੈ।**

ੳ) ਸਲਾਇਡ (Slide)

ਅ) ਡਾਕੂਮੈਂਟ (Document)

ੲ) ਸ਼ੀਟ (Sheet)

ਸ) ਇਹਨਾਂ ਵਿਚੋਂ ਕੋਈ ਨਹੀਂ

**4. __________ ਸਾਡੀ ਪ੍ਰੈਜ਼ਨਟੇਸ਼ਨ ਵਿੱਚ ਮੋਜੂਦਾ ਸਲਾਇਡ (current slide) ਨੂੰ ਦਰਸ਼ਾਉਂਦਾ ਹੈ।**

ੳ) ਆਊਟਲਾਈਨ ਪੇਨ

ਅ) ਕਨਟੈਂਟ ਪੇਨ

ੲ) ਰੀਬਨ (Ribbon)

ਸ) ਸਲਾਇਡ ਪੇਨ

**5. ਹੇਠ ਲਿਖਿਆਂ ਵਿਚੋਂ ਕਿਹੜਾ ਪਾਵਰਪੁਆਇੰਟ ਵਿੰਡੋ ਦਾ ਭਾਗ ਨਹੀਂ ਹੈ?**

ੳ) ਟਾਈਟਲ ਬਾਰ

ਅ) ਟਾਸਕਬਾਰ

ੲ) ਰੀਬਨ (Ribbon)

ਸ) ਸਲਾਇਡ ਪੇਨ

**6. ਜ਼ੂਮ ਸਲਾਈਡਰ ਕਿਹੜੀ ਬਾਰ ਉਪਰ ਮੌਜੁਦ ਹੁੰਦਾ ਹੈ?**

ੳ) ਟਾਈਟਲ ਬਾਰ

ਅ) ਟਾਸਕਬਾਰ

ੲ) ਰੀਬਨ (Ribbon)

ਸ) ਸਟੇਟਸ ਬਾਰ

**ਉੱਤਰ:**

1. ੳ) ਪਾਵਰਪੁਆਂਇੰਟ (PowerPoint)
2. ੲ) ਪ੍ਰੈਜ਼ਨਟੇਸ਼ਨ
3. ੳ) ਸਲਾਇਡ (Slide)
4. ਸ) ਸਲਾਇਡ ਪੇਨ
5. ਅ) ਟਾਸਕਬਾਰ
6. ਸ) ਸਟੇਟਸ ਬਾਰ

## ਪ੍ਰਸ਼ਨ:2 ਬਹਤੁ ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਤੁਸੀਂ ਪਾਵਰਪੁਅਇੰਟ ਨੂੰ ਕਿਵੇਂ ਓਪਨ ਕਰੋਗੇ।**

ਉ: Start → All Programs → Microsoft Office → Microsoft PowerPoint

**ਪ੍ਰ:2 ਪਾਵਰਪੁਆਇੰਟ ਵਿੱਚ ਪ੍ਰੈਜ਼ਨਟੇਸ਼ਨ ਨੂੰ ਸੇਵ (Save) ਕਰਨ ਦੀ ਸ਼ਾਰਕੱਟ ਕੀਅ ਲਿਖੋ।**

ਉ: Ctrl+S

**ਪ੍ਰ:3 ਪਾਵਰਪੁਆਇੰਟ ਨੂੰ ਬੰਦ (Close) ਕਰਨ ਦੀ ਸ਼ਾਰਕੱਟ ਕੀਅ ਲਿਖੋ।**

ਉ: Alt+F4

**ਪ੍ਰ:4 ਪਹਿਲੀ ਸਲਾਇਡ ਤੋਂ "ਸਲਾਇਡ ਸ਼ੋਅ" ਸਟਾਰਟ ਕਰਨ ਦੀ ਸ਼ਾਰਟਕੱਟ ਕੀਅ ਲਿਖੋ।**

ਉ: F5 ਫੰਕਸ਼ਨ ਕੀਅ

**ਪ੍ਰ:5 ਪਾਵਰਪੁਆਇੰਟ ਵਿੱਚ ਪ੍ਰੈਜ਼ਨਟੇਸ਼ਨ ਫਾਈਲ ਦੀ ਐਕਸਟੈਂਸ਼ਨ (extension) ਲਿਖੋ।**

ਉ: .pptx

**ਪ੍ਰ:5 RUN ਬਾਕਸ ਨਾਲ ਪਾਵਰਪੁਆਇੰਟ ਓਪਨ ਕਰਨ ਲਈ ਕਿਹੜੇ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ?**

ਉ: POWERPNT

## ਪ੍ਰਸ਼ਨ: 3 ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰ:1 ਪਾਵਰਪੁਆਇੰਰ (PowerPoint) ਕੀ ਹੈ?

ਪ੍ਰ:2 ਪ੍ਰੈਜ਼ਨਟੇਸ਼ਨ (Presentation) ਉੱਪਰ ਨੋਟ ਲਿਖੋ।

ਪ੍ਰ:3 ਸਲਾਇਡ (Slide) ਕੀ ਹੁੰਦੀ ਹੈ?

ਪ੍ਰ:4 ਪਾਵਰਪੁਆਇੰਟ ਵਿੰਡੋ ਦੇ ਮੁੱਖ ਭਾਗਾਂ ਦੇ ਨਾਂ ਲਿਖੋ।

ਪ੍ਰ:5 ਤੁਸੀਂ ਪਾਵਰਪੁਆਇੰਟ ਵਿੱਚ ਦਰਸ਼ਕਾਂ ਲਈ ਪ੍ਰੈਜ਼ਨਟੇਸ਼ਨ ਨੂੰ ਕਿਵੇਂ ਪਲੇਅ (play) ਕਰੋਗੇ?

ਪ੍ਰ:6 ਪਾਵਰਪੁਆਇੰਟ ਵਿੱਚ ਸਲਾਇਡ ਪੇਨ (Slide Pane) ਅਤੇ ਨੋਟਸ ਪੇਨ (Notes Pane) ਸੰਬੰਧੀ ਜਾਣਕਾਰੀ ਦਿਓ।

ਪ੍ਰ:7 ਸਟੇਟਸਬਾਰ ਦਾ ਵਰਨਣ ਕਰੋ।

## ਪ੍ਰਸ਼ਨ: 4 ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰ:1 ਪਾਵਰਪੁਅਇੰਟ ਵਿੰਡੋ ਦੇ ਕੋਈ 3 ਮੁੱਖ ਭਾਗਾਂ ਦਾ ਵਰਨਣ ਕਰੋ।

ਪ੍ਰ:2 ਤੁਸੀਂ ਪਾਵਰਪੁਆਂਇੰਟ ਵਿੱਚ ਫੋਟੋ ਐਲਬਮ ਪ੍ਰੈਜ਼ਨਟੇਸ਼ਨ ਕਿਵੇਂ ਤਿਆਰ ਕਰੋਗੇ?

## ਪਾਠ 5

## ਮਾਈਕਰੋਸਾਫਟ ਪਾਵਰਪੁਆਇੰਟ ਭਾਗ-2

**ਪ੍ਰਸ਼ਨ:1 ਖਾਲੀ ਥਾਵਾਂ ਭਰੋ।**

**1. _________ ਸਲਾਇਡ ਉੱਪਰ ਵੱਖ ਵੱਖ ਤੱਤਾਂ ਦੇ ਡਿਜ਼ਾਇਨ ਅਤੇ ਪਲੇਸਮੈਂਟ ਨੂੰ ਪ੍ਰਭਾਸ਼ਿਤ ਕਰਦਾ ਹੈ।**

ੳ) ਬੈਕਗ੍ਰਾਊਂਡ ਸਟਾਈਲ

ਅ) ਪਲੇਸਹੋਲਡਰਜ਼

ੲ) ਸਲਾਇਡ ਲੇਆਉਟ

ਸ) ਪੈਟਰਨ

**2. ਇੱਕ ____________ਦੋ ਜਾਂ ਦੋ ਤੋਂ ਵਧੇਰੇ ਰੰਗਾਂ ਦਾ ਮਿਸ਼ਰਨ ਹੁੰਦਾ ਹੈ ਜੋ ਇੱਕ ਦੂਜੇ ਵਿੱਚ ਮਰਜ (merge) ਹੋ ਜਾਂਦੇ ਹਨ।**

ੳ) ਥੀਮ (Theme)

ਅ) ਪੈਟਰਨ (Pattern)

ੲ) ਬੈਕਗ੍ਰਾਊਂਡ ਸਟਾਈਲ (Background Style)

ਸ) ਗਰੇਡੀਐਂਟ (Gradient)

**3. _________ ਡਿਫਾਲਟ (default) ਵਿਊ ਹੈ ਜਿਥੇ ਅਸੀਂ ਆਪਣੀਆਂ ਸਲਾਈਡਾਂ ਬਣਾਉਂਦੇ, ਐਡਿਟ ਕਰਦੇ ਅਤੇ ਡਿਜ਼ਾਈਨ ਕਰਦੇ ਹਾਂ।**

ੳ) ਨਾਰਮਲ ਵਿਊ (Normal View)

ਅ) ਸਲਾਇਡ ਸ਼ੋਅ (Slide Show)

ੲ) ਸਲਾਇਡ ਸਾਰਟਰ ਵਿਊ (Slide Sorter View)

ਸ) ਰੀਡਿੰਗ ਵਿਊ (Reading View)

**4. PowerPoint 2010 ਵਿੱਚ ______ ਡਿਫਾਲਟ ਸਲਾਇਡ ਬੈਕਗ੍ਰਾਉਂਡ ਸਟਾਈਲਸ ਉਪਲਬਧ ਹਨ।**

ੳ) 48

ਅ) 4

ੲ) 12

ਸ) 3

**5. ______ ਕੰਟਰੋਲ ਸਲਾਇਡ ਕੰਟੈਂਟਸ ਨੂੰ ਨੇੜੇ ਤੋਂ ਵੇਖਣ (closer look) ਲਈ ਸਾਨੂੰ ਜ਼ੂਮ-ਇਨ (zoom-in) ਕਰਨ ਦੀ ਆਗਿਆ ਦਿੰਦਾ ਹੈ।**

ੳ) ਜ਼ੂਮ (Zoom)

ਅ) ਸਲਾਇਡ (Slide)

ੲ) ਨਾਰਮਲ ਵਿਊ (Normal View)

ਸ) ਗ੍ਰੇਡੀਐਂਟ (Gradient)

**6. ___________ ਸਲਾਇਡ ਲੇਆਉਟ ਉੱਪਰ ਡਾਟੇਡ ਲਾਈਨਾਂ ਵਾਲੇ ਕੰਟੇਨਰ (Dotted-Line Containers) ਹੁੰਦੇ ਹਨ ਜਿਹਨਾਂ ਵਿੱਚ ਕਈ ਤਰ੍ਹਾਂ ਦੇ ਕੰਟੈਂਟਸ ਰੱਖੇ ਜਾ ਸਕਦੇ ਹਨ**

ੳ) ਪਲੇਸਹੋਲਡਰ

ਅ) ਬਾਕਸ

ੲ) ਫਰੇਮ

ਸ) ਕਲਿੱਪਆਰਟ

**7. ਸਲਾਈਡ ਉਪਰ ਮੌਜੂਦ ਟੈਕਸਟ ਨੂੰ ਫਾਰਮੇਟ ਕਰਨ ਲਈ ਹੋਮ ਟੈਬ ਦੇ _________ ਗਰੁੱਪ ਵਿਚ ਮੋਜੂਦ ਕਮਾਂਡਜ਼ ਦੀ ਵਰਤੋਂ ਕੀਤੀ ਜਾਂਦੀ ਹੈ।**

ੳ) ਕਲਿੱਪਆਰਟ (Clipart)

ਅ) ਫੌਂਟ (Font)

ੲ) ਸਲਈਡਜ਼ (Slides)

ਸ) ਐਡੀਟਿੰਗ (Editing)

| | | |
|---|---|---|
| **ਉੱਤਰ:** | 1. ੲ) ਸਲਾਇਡ ਲੇਆਉਟ | 2. ਸ) ਗਰੇਡੀਐਂਟ (Gradient) |
| | 3. ੳ) ਨਾਰਮਲ ਵਿਊ (Normal View) | 4. ੲ) 12 |
| | 5. ੳ) ਜ਼ੂਮ (Zoom) | 6. ੳ) ਪਲੇਸਹੋਲਡਰ |
| | 7. ਅ) ਫੌਂਟ (Font) | |

## ਪ੍ਰਸ਼ਨ:2 ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਇੱਕ ਨਵੀਂ ਸਲਾਇਡ ਦਾਖਲ ਕਰਨ ਦੀ ਸ਼ਾਰਟਕੱਟ ਕੀਅ ਲਿਖੋ।**

ਉ: Ctrl + M

**ਪ੍ਰ:2 ਇੱਕ ਨਵੀਂ ਪਰੈਜ਼ਨਟੇਸ਼ਨ ਫਾਈਲ ਬਨਾਉਣ ਦੀ ਸ਼ਾਰਟਕੱਟ ਕੀਅ ਲਿਖੋ।**

**ਉ: Ctrl+ N**

**ਪ੍ਰ:3 ਸਲਾਇਡ ਉੱਪਰ ਟੈਕਸਟ ਨੂੰ ਫਾਰਮੇਟ ਕਰਨ ਲਈ ਕਿਹੜੇ ਟੈਬ ਦੀ ਵਰਤੋਂ ਕੀਤੀ ਜਾਂਦੀ ਹੈ?**

**ਉ: Home ਟੈਬ**

**ਪ੍ਰ:4 ਕਿਹੜਾ ਪਾਵਰਪੁਆਇੰਟ ਵਿਊ ਦਰਸ਼ਕਾਂ ਅੱਗੇ ਪ੍ਰੈਜ਼ਨਟੇਸ਼ਨ ਪੇਸ਼ ਕਰਨ ਲਈ ਵਰਤਿਆ ਜਾਂਦਾ ਹੈ?**

**ਉ: Slide Show ਵਿਊ**

**ਪ੍ਰ:5 ਪਾਵਰਪੁਆਇੰਟ ਵਿੱਚ ਕਿਹੜੀ ਬਾਰ ਵਿੱਚ ਵਿਊ ਬਟਨਜ਼ ਅਤੇ ਜ਼ੂਮ ਸਲਾਇਡਰ ਮੋਜੂਦ ਹੁੰਦੇ ਹਨ?**

**ਉ: ਸਟੇਟਸ ਬਾਰ**

## ਪ੍ਰਸ਼ਨ: 3 ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਪਾਵਰਪੁਆਇੰਟ ਵਿੱਚ File ਟੈਬ ਦੀ ਮਦਦ ਨਾਲ ਨਵੀਂ ਪ੍ਰੈਜ਼ਨਟੇਸ਼ਨ ਫਾਈਲ ਬਨਾਉਣ ਦੇ ਸਟੈਪ ਲਿਖੋ।**

**ਪ੍ਰ:2 ਪਲੇਸਹੋਲਡਰਜ਼ (Placeholders) ਕੀ ਹੁੰਦੇ ਹਨ?**

**ਪ੍ਰ:3 ਥੀਮਜ਼ (Themes) ਕੀ ਹੁੰਦੇ ਹਨ?**

**ਪ੍ਰ:4 ਪਾਵਰਪੁਆਇੰਟ ਵਿੰਡੋ ਦੇ ਸਟੇਟਸ ਬਾਰ ਵਿੱਚ ਮੋਜੂਦ ਵਿਊ ਬਟਨਜ਼ ਦੇ ਨਾਂ ਲਿਖੋ।**

**ਪ੍ਰ:5 ਗਰੇਡੀਐਂਟ ਫਿੱਲ (Gradient Fill) ਕੀ ਹੈ?**

**ਪ੍ਰ:6 ਫਾਰਮੇਟ ਬੈਕਗ੍ਰਾਊਂਡ (Format Background) ਡਾਇਲਾਗ ਬਾਕਸ ਦੇ Fill ਪੇਨ ਵਿੱਚ ਕਿਹੜੀਆਂ ਆਪਸ਼ਨਜ਼ ਮੋਜੂਦ ਹੁੰਦੀਆਂ ਹਨ?**

## ਪ੍ਰਸ਼ਨ: 4 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਸਲਾਇਡ ਦੀ ਦਿਖ ਨੂੰ ਬਦਲਣ ਦੇ ਵੱਖ-ਵੱਖ ਤਰੀਕਿਆਂ ਦਾ ਵਿਸਥਾਰ ਵਿੱਚ ਵਰਨਣ ਕਰੋ।**

**ਪ੍ਰ:2 ਸਲਾਇਡ ਲੇਅਆਉਟ (Slide Layout) ਕੀ ਹੈ? ਤੁਸੀਂ PowerPoint ਵਿੱਚ ਸਲਾਇਡ ਦੇ ਲੇਅਆਉਟ ਨੂੰ ਕਿਵੇਂ ਬਦਲੋਗੇ?**

**ਪ੍ਰ:3 PowerPoint ਦੀਆਂ ਸਲਾਇਡ ਵਿਊ ਆਪਸ਼ਨਜ਼ ਦਾ ਵਰਨਣ ਕਰੋ।**

## ਪਾਠ 6

## ਮਾਈਕਰੋਸਾਫਟ ਪਾਵਰਪੁਆਇੰਟ ਭਾਗ-3

### ਪ੍ਰਸ਼ਨ:1 ਖਾਲੀ ਥਾਵਾਂ ਭਰੋ:

**1. _______________ ਇੱਕ ਵਿਜ਼ੂਅਲ ਅਤੇ ਮੋਸ਼ਨ (ਗਤੀ) ਪ੍ਰਭਾਵ ਹੁੰਦੇ ਹਨ ਜੋ ਉਸ ਸਮੇਂ ਦਿਖਾਈ ਦਿੰਦੇ ਹਨ ਜਦੋਂ ਅਸੀਂ ਪ੍ਰੈਜ਼ਨਟੇਸ਼ਨ ਦੇ ਸਲਾਇਡ ਸ਼ੋਅ ਦੌਰਾਨ ਇੱਕ ਸਲਾਇਡ ਤੋਂ ਅਗਲੀ ਸਲਾਇਡ ਤੇ ਜਾਂਦੇ ਹਾਂ।**

**ੳ) ਸਲਾਇਡ ਟ੍ਰਾਂਜ਼ੀਸ਼ਨ (Slide transition)**

**ਅ) ਐਨੀਮੇਸ਼ਨ (Animation)**

**ੲ) ਐਨੀਮੇਸ਼ਨ ਸਕੀਮ (Animation Scheme)**

**ਸ) ਸਲਾਇਡ ਸ਼ੋਅ (Slide Show)**

**2. ਪਾਵਰਪੁਆਇੰਟ _________________ ਕਿਸਮਾਂ ਦੀ ਐਨੀਮੇਸ਼ਨ ਪ੍ਰਦਾਨ ਕਰਦਾ ਹੈ।**

**ੳ) ਦੋ (Two)**

**ਅ) ਤਿੰਨ (Three)**

**ੲ) ਚਾਰ (Four)**

**ਸ) ਪੰਜ (Five)**

**3. ਪਵਾਰਪੁਆਇੰਟ ਪਹਿਲਾਂ ਤੋਂ ਪਰਿਭਾਸ਼ਿਤ ਐਨੀਮੇਸ਼ਨ ਇਫੈਕਟਸ ਦਾ ਸਮੂਹ ਪ੍ਰਦਾਨ ਕਰਦਾ ਹੈ, ਜਿਹਨਾਂ ਨੂੰ ______________ ਕਿਹਾ ਜਾਂਦਾ ਹੈ।**

**ੳ) ਸਲਾਇਡ ਟ੍ਰਾਂਜ਼ੀਸ਼ਨ (Slide transition)**

**ਅ) ਐਨੀਮੇਸ਼ਨ (Animation)**

**ੲ) ਐਨੀਮੇਸ਼ਨ ਸਕੀਮ (Animation Scheme)**

**ਸ) ਸਲਾਇਡ ਸ਼ੋਅ (Slide Show)**

**4. PDF ਦਾ ਪੂਰਾ ਨਾਂ __________________ ਹੈ।**

**ੳ) ਪੋਰਟੇਬਲ ਡਾਟਾ ਫਾਰਮੇਟ (Portable Data Format)**

**ਅ) ਪੋਰਟੇਬਲ ਡਾਕੂਮੈਂਟ ਫਾਰਮ (Portable Document Form)**

**ੲ) ਪੋਰਟੇਬਲ ਡਾਟਾ ਫਾਰਮ (Portable Data Form)**

**ਸ) ਪੋਰਟੇਬਲ ਡਾਕੂਮੈਂਟ ਫਾਰਮੇਟ (Portable Document Format)**

**5. ਅਸੀਂ ਪਾਵਰਪੁਆਇੰਟ ਪ੍ਰੈਜ਼ਨਟੇਸ਼ਨ ਨੂੰ ਪਾਵਰਪੁਆਇੰਟ ਸ਼ੋਅ (PowerPoint Show) ਵੱਜੋਂ ____________ ਐਕਸਟੈਂਸ਼ਨ ਨਾਲ ਸੇਵ ਕਰ ਸਕਦੇ ਹਾਂ।**

ੳ) .ppsx

ਅ) .ppt

ੲ) .pptx

ਸ) .pdf

**6. ਪ੍ਰੈਸਨਟੇਸ਼ਨ ਵਿਚ ਟ੍ਰਾਂਜੀਸ਼ਨ ਇਫੈਕਟ ਲਾਗੂ ਕਰਨ ਲਈ ਕਿਹੜੇ ਟੈਬ ਦੀ ਵਰਤੋਂ ਕੀਤੀ ਜਾਂਦੀ ਹੈ?**

ੳ) Design

ਅ) Animation

ੲ) Home

ਸ) ਇਹਨਾਂ ਵਿਚੋਂ ਕੋਈ ਨਹੀਂ

**7. ___________ ਆਪਸ਼ਨ ਐਨੀਮੇਸ਼ਨ ਇਫੈਕਟਸ ਨੂੰ ਕਾਪੀ ਕਰਨ ਲਈ ਵਰਤਿਆ ਜਾਂਦਾ ਹੈ।**

ੳ) ਐਨੀਮੇਸ਼ਨ ਸਕੀਮ

ਅ) ਫਾਰਮੇਟ ਪੇਂਟਰ

ੲ) ਐਨੀਮੇਸ਼ਨ ਪੇਂਟਰ

ਸ) ਇਹਨਾਂ ਵਿਚੋਂ ਕੋਈ ਨਹੀਂ

**ਉੱਤਰ:**

1. ੳ) ਸਲਾਇਡ ਟ੍ਰਾਂਜ਼ੀਸ਼ਨ (Slide transition)
2. ੲ) ਚਾਰ (Four)
3. ੲ) ਐਨੀਮੇਸ਼ਨ ਸਕੀਮ (Animation Scheme)
4. ਸ) ਪੋਰਟੇਬਲ ਡਾਕੂਮੈਂਟ ਫਾਰਮੇਟ (Portable Document Format)
5. ੳ) .ppsx
6. ਸ) ਇਹਨਾਂ ਵਿਚੋਂ ਕੋਈ ਨਹੀਂ
7. ੲ) ਐਨੀਮੇਸ਼ਨ ਪੇਂਟਰ

## ਪ੍ਰਸ਼ਨ:2 ਪੂਰੇ ਰੂਪ ਲਿਖੋ।

i. **JPEG** : Joint Photographic Experts Group

| | | |
|---|---|---|
| **ii. GIF** | **:** | **Graphics Interchange *Format*** |
| **iii. BMP** | **:** | **Bitmap Picture** |
| **iv. WMV** | **:** | **Windows Media Video** |
| **v. PNG** | **:** | **Portable Network Graphics** |

**ਪ੍ਰਸ਼ਨ:2 ਛੋਟੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਸਲਾਇਡ ਟ੍ਰਾਂਜ਼ੀਸ਼ਨ (Slide Transition) ਕੀ ਹੈ?**

**ਪ੍ਰ:2 ਐਨੀਮੇਸ਼ਨ (Animation) ਕੀ ਹੁੰਦੀ ਹੈ?**

**ਪ੍ਰ:3 ਪਾਵਰਪੁਆਇੰਟ ਵਿੱਚ ਐਨੀਮੇਸ਼ਨ ਸਕੀਮਜ਼ (Animation Schemes) ਕੀ ਹੁੰਦੀਆਂ ਹਨ?**

**ਪ੍ਰ:4 ਤੁਸੀਂ ਪਾਵਰਪੁਆਇੰਟ ਵਿੱਚ ਐਨੀਮੇਸ਼ਨਜ਼ ਦਾ ਪ੍ਰੀਵਿਊ (Preview) ਕਿਵੇਂ ਦੇਖੋਗੇ?**

**ਪ੍ਰ:5 ਪਾਵਰਪੁਆਇੰਟ ਵਿੱਚ ਮੋਜੂਦ 4 ਕਿਸਮਾਂ ਦੀਆਂ ਐਨੀਮੇਸ਼ਨਜ਼ ਦੇ ਨਾਂ ਲਿਖੋ।**

**ਪ੍ਰ:6 ਐਨੀਮੇਸਨ ਪੇਂਟਰ ਆਪਸ਼ਨ ਦੀ ਵਰਤੋਂ ਕਿਸ ਕੰਮ ਲਈ ਕੀਤੀ ਜਾਂਦੀ ਹੈ?**

**ਪ੍ਰਸ਼ਨ: 3 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਐਨੀਮੇਸ਼ਨ (Animation) ਕੀ ਹੈ? ਪਾਵਰਪੁਆਇੰਟ ਵਿੱਚ ਇਹ ਕਿੰਨ੍ਹੀ ਕਿਸਮ ਦੀ ਹੁੰਦੀ ਹੈ?**

**ਪ੍ਰ:2 ਤੁਸੀਂ ਪਾਵਰਪੁਆਇੰਟ ਪ੍ਰੈਜ਼ਨਟੇਸ਼ਨ ਨੂੰ PDF ਫਾਰਮੇਟ ਵਿੱਚ ਕਿਵੇਂ ਸੇਵ ਕਰੋਗੇ?**

**ਪ੍ਰ:3 ਪਾਵਰਪੁਆਇੰਟ ਵਿੱਚ Slide Transition ਕਿਵੇਂ ਲਾਗੂ ਕੀਤਾ ਜਾਂਦਾ ਹੈ?**

## ਪਾਠ 7

## ਕੰਪਿਊਟਰਜ਼ ਦੀਆਂ ਜੈਨਰੇਸ਼ਨਜ਼

**ਪ੍ਰਸ਼ਨ:1 ਖਾਲੀ ਥਾਵਾਂ ਭਰੋ:**

**1. ਦੂਜੀ ਜੈਨਰੇਸ਼ਨ ਦੇ ਕੰਪਿਊਟਰਾਂ ਵਿੱਚ ____________ ਨੂੰ ਮੁੱਢਲੇ ਪ੍ਰੋਸੈਸਿੰਗ ਭਾਗਾਂ ਵੱਜੋਂ ਵਰਤਿਆ ਗਿਆ।**

ੳ. ਵੈਕਿਊਮ ਟਿਊਬਾਂ

ਅ. VLSI ਸਰਕਟਸ

ੲ. ULSI ਸਰਕਟਸ

ਸ. ਟ੍ਰਾਂਜੀਸਟਰਜ਼

**2. ਕੰਪਿਊਟਰਾਂ ਦੀ ______________ ਜੈਨਰੇਸ਼ਨ VLSI ਸਰਕਟਾਂ ਦੀ ਵਰਤੋਂ ਕਰਦੀ ਹੈ।**

ੳ. ਪਹਿਲੀ

ਅ. ਦੂਜੀ

ੲ. ਤੀਜੀ

ਸ. ਚੌਥੀ

**3. ਤੀਜੀ ਜੈਨਰੇਸ਼ਨ ਦੇ ਕੰਪਿਊਟਰਾਂ ਵਿੱਚ ਟ੍ਰਾਂਜੀਸਟਰਾਂ ਦੀ ਜਗ੍ਹਾ ___________ ਵਰਤੇ ਜਾਂਦੇ ਸਨ।**

ੳ. ਇੰਟੀਗ੍ਰੇਟਿਡ ਸਰਕਟਸ

ਅ. ਵੈਕਿਊਮ ਟਿਊਬਾਂ

ੲ. ULSI ਸਰਕਟਸ

ਸ. VLSI ਸਰਕਟਸ

**4. _________ ਕੰਪਿਊਟਰ ਸਾਇੰਸ ਦੀ ਇੱਕ ਨਵੀਂ ਬ੍ਰਾਂਚ ਹੈ ਜੋ ਕਿ ਕੰਪਿਊਟਰ ਨੂੰ ਮਨੁੱਖਾਂ ਵਾਂਗ ਸੋਚਣ ਅਤੇ ਕੰਮ ਕਰਨ ਦੇ ਸਮਰੱਥ ਬਣਾਉਂਦੀ ਹੈ।**

ੳ. ਰੋਬੋਟਿਕਸ (Robotics)

ਅ. ULSI ਸਰਕਟਸ

ੲ. AI (ਆਰਟੀਫਿਸ਼ੀਅਲ ਇੰਟੈਲੀਜੈਂਸ)

ਸ. ਇੰਟਿਗ੍ਰੇਟਿਡ ਸਰਕਟਸ (ICs)

**5. ULSI ਟੈਕਨੋਲੋਜੀ ਦੀ ਵਰਤੋਂ __________ ਜੈਨਰੇਸ਼ਨ ਦੇ ਕੰਪਿਊਟਰਾਂ ਵਿੱਚ ਕੀਤੀ ਜਾਂਦੀ ਹੈ।**

ੳ. ਦੂਜੀ

ਅ. ਤੀਜੀ

ੲ. ਚੌਥੀ

ਸ. ਪੰਜਵੀਂ

**6. ਵੈਕਿਊਮ ਟਿਊਬਾਂ ਦੀ ਵਰਤੋਂ ਕੰਪਿਊਟਰਾਂ ਦੀ ____________ ਜੈਨਰੇਸ਼ਨ ਵਿਚ ਕੀਤੀ ਜਾਂਦੀ ਸੀ**

ੳ. ਪਹਿਲੀ

ਅ. ਦੂਜੀ

ੲ. ਤੀਜੀ

ਸ. ਚੌਥੀ

**7. ENIAC ਕੰਪਿਊਟਰ ਕਿਹੜੀ ਜੈਨਰੇਸ਼ਨ ਦਾ ਕੰਪਿਊਟਰ ਮੰਨਿਆ ਜਾਂਦਾ ਹੈ?**

ੳ. ਪਹਿਲੀ

ਅ. ਦੂਜੀ

ੲ. ਤੀਜੀ

ਸ. ਚੌਥੀ

**ਉੱਤਰ:**

1. ਸ. ਟ੍ਰਾਂਜੀਸਟਰਜ਼
2. ਸ. ਚੌਥੀ
3. ੳ. ਇੰਟੀਗ੍ਰੇਟਿਡ ਸਰਕਟਸ
4. ੲ. AI (ਆਰਟੀਫਿਸ਼ੀਅਲ ਇੰਟੈਲੀਜੈਂਸ)
5. ਸ. ਪੰਜਵੀਂ
6. ਪਹਿਲੀ
7. ਪਹਿਲੀ

## ਪ੍ਰਸ਼ਨ:2 ਪੂਰੇ ਰੂਪ ਲਿਖੋ:

| | | | |
|---|---|---|---|
| i. | ENIAC | : | Electronic Numerical Integrator and Computer |
| ii. | IBM | : | International Business Machines |
| iii. | IC | : | Integrated Circuits |
| iv. | VLSI | : | Very Large-Scale Integration |
| v. | ULSI | : | Ultra Large-Scale Integration |
| vi. | AI | : | Artificial Intelligence |

## ਪ੍ਰਸ਼ਨ:3 ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਪਹਿਲੀ ਜੈਨਰੇਸ਼ਨ ਦੇ ਕੰਪਿਊਟਰਾਂ ਦੀਆਂ ਵਿਸ਼ੇਸ਼ਤਾਵਾਂ ਲਿਖੋ।**

**ਪ੍ਰ:2 ਦੂਜੀ ਜੈਨਰੇਸ਼ਨ ਦੇ ਕੰਪਿਊਟਰਾਂ ਲਈ ਕਿਹੜੀ ਟੈਕਨੋਲੋਜੀ ਦੀ ਵਰਤੋਂ ਕੀਤੀ ਜਾਂਦੀ ਸੀ?**

**ਪ੍ਰ:3 IC ਕੀ ਹੈ?**

**ਪ੍ਰ:4 ਚੌਥੀ ਜੈਨਰੇਸ਼ਨ ਦੇ ਕੰਪਿਊਟਰਾਂ ਸੰਬੰਧੀ ਲਿਖੋ।**

**ਪ੍ਰ:5 AI ਕੀ ਹੈ? AI ਦੇ ਮਹੱਤਵਪੂਰਣ ਖੇਤਰਾਂ ਦੇ ਨਾਂ ਲਿਖੋ।**

**ਪ੍ਰ:6 ਪਹਿਲੀ ਜੈਨਰੇਸ਼ਨ ਦੇ ਕੰਪਿਊਟਰਾਂ ਦੇ ਨਾਂ ਲਿਖੋ.**

## ਪ੍ਰਸ਼ਨ: 4 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਕੰਪਿਊਟਰਾਂ ਦੀਆਂ ਜੈਨਰੇਸ਼ਨਾਂ ਤੋਂ ਤੁਹਾਡਾ ਕੀ ਭਾਵ ਹੈ? ਉਹਨਾਂ ਨੂੰ ਕਿਵੇਂ ਵੰਡਿਆ ਜਾਂਦਾ ਹੈ?**

**ਪ੍ਰ:2 ਪੰਜਵੀ ਜੈਨਰੇਸ਼ਨ ਦੇ ਕੰਪਿਊਟਰਾਂ ਦੀ ਵਿਆਖਿਆ ਕਰੋ।**

## ਪਾਠ 8

## ਕੰਪਿਊਟਰ ਮੈਮਰੀਜ਼

**ਪ੍ਰ:1 ਖਾਲੀ ਥਾਵਾਂ ਭਰੋ:**

**1. _______ ਬਿਟਸ ਦੇ ਸਮੂਹ ਨੂੰ ਬਾਈਟ (byte) ਕਿਹਾ ਜਾਂਦਾ ਹੈ।**

ੳ) 8

ਅ) 16

ੲ) 32

ਸ) 64

**2. ਇੱਕ ਬਿਟ ਜਾਂ ਬਾਈਨਰੀ ਡਿਜ਼ੀਟ ਨੂੰ ਲਾਜੀਕਲ _________ ਅਤੇ __________ ਨਾਲ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ।**

ੳ) 0,1

ਅ) 0,0

ੲ) 1,2

ਸ) 1,1

**3. ਰੈਮ (RAM) ਦਾ ਅਰਥ ਹੈ _________**

ੳ) ਰੀਡ ਐਕਸੈਸ ਮੈਮਰੀ

ਅ) ਰੈਂਡਮ ਐਕਸੈਸ ਮੈਮਰੀ

ੲ) ਉਪਰੋਕਤ ਦੋਵੇਂ

ਸ) ਇਹਨਾਂ ਵਿਚੋਂ ਕੋਈ ਨਹੀਂ

**4. ਰੋਮ (ROM) ਦਾ ਅਰਥ ਹੈ _________**

ੳ) ਰੀਡ ਓਨਲੀ ਮੈਮਰੀ

ਅ) ਰੈਂਡਮ ਓਨਲੀ ਮੈਮਰੀ

ੲ) ਰੀਡ ਓਪਨ ਮੈਮਰੀ

ਸ) ਇਹਨਾਂ ਵਿਚੋਂ ਕੋਈ ਨਹੀਂ

**5. ਡਿਸਕ ਦਾ ਹਰੇਕ ਟਰੈਕ ਛੋਟੇ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ, ਜਿਹਨਾਂ ਨੂੰ __________ ਵਜੋਂ ਜਾਣਿਆ ਜਾਂਦਾ ਹੈ।**

ੳ) ਸੈਕਟਰਜ਼ (Sectors)

ਅ) ਖੇਤਰ (Area)

ੲ) ਸੈਲ (Cell)

ਸ) ਟੇਪ (Tape)

**6. ਚਾਰ ਬਿੱਟਸ ਦੇ ਸਮੂਹ ਨੂੰ ਕੀ ਕਿਹਾ ਜਾਂਦਾ ਹੈ?**

ੳ) ਬਾਈਟ

ਅ) ਨਿੱਬਲ

ੲ) ਵਰਡ

ਸ) ਬਿੱਟ

**7. 1024 MB __________ ਦੇ ਬਰਾਬਰ ਹੁੰਦਾ ਹੈ।**

ੳ) ਇੱਕ ਕਿਲੋਬਾਈਟ (KB)

ਅ) ਵਿਕ ਟੈਰਾਬਈਟ (TB)

ੲ) ਇਕ ਗੀਗਾ ਬਾਈਟ (GB)

ਸ) ਇਕ ਪੈਟਾਬਾਈਟ (PB)

**8. ਹੇਠ ਲਿਖਿਆਂ ਵਿਚੋਂ ਕਿਹੜੀ ਮੈਮਰੀ ਯੂਨਿਟ ਸਭ ਤੋਂ ਵੱਡੀ ਮੈਮਰੀ ਯੂਨਿਟ ਹੁੰਦੀ ਹੈ?**

ੳ) ਇੱਕ ਕਿਲੋਬਾਈਟ (KB)

ਅ) ਵਿਕ ਟੈਰਾਬਈਟ (TB)

ੲ) ਇਕ ਗੀਗਾ ਬਾਈਟ (GB)

ਸ) ਇਕ ਪੈਟਾਬਾਈਟ (PB)

**ਉੱਤਰ:**

1. ੳ) 8
2. ੳ) 0,1
3. ਅ) ਰੈਂਡਮ ਐਕਸੈਸ ਮੈਮਰੀ
4. ੳ) ਰੀਡ ਓਨਲੀ ਮੈਮਰੀ
5. ੳ) ਸੈਕਟਰਜ਼ (Sectors)
6. ਅ) ਨਿੱਬਲ
7. ੲ) ਇਕ ਗੀਗਾ ਬਾਈਟ (GB)
8. ਸ) ਇਕ ਪੈਟਾਬਾਈਟ (PB)

## ਪ੍ਰ:2 ਹੇਠ ਲਿਖਿਆਂ ਦੇ ਪੂਰੇ ਰੂਪ ਲਿਖੋ:

| | | |
|---|---|---|
| 1. **MB** | : | ਮੈਗਾਬਾਈਟ (Megabyte) |
| 2. **GB** | : | ਗੀਗਾਬਾਈਟ (Gigabyte) |
| 3. **SRAM** | : | ਸਟੈਟਿਕ ਰੈਂਡਮ ਐਕਸੈਸ ਮੈਮਰੀ (Static Random-Access Memory) |
| 4. **PROM** | : | ਪ੍ਰੋਗਰਾਮੇਬਲ ਰੀਡ ਓਨਲੀ ਮੈਮਰੀ (Programmable Read Only Memory) |
| 5. **IR** | : | ਇੰਸਟ੍ਰਕਸ਼ਨ ਰਜੀਸਟਰ (Instruction Register) |
| 6. **KB** | : | ਕਿਲੋਬਾਈਟ (Kilobyte) |
| 7. **PB** | : | ਪੈਟਾਬਈਟ (PetaByte) |

## ਪ੍ਰ: 3 ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**ਪ੍ਰ:1 ਮੈਮਰੀ ਕੀ ਹੈ?**

**ਪ੍ਰ:2 ਵੱਖ-ਵੱਖ ਕਿਸਮਾਂ ਦੀਆਂ ਮੈਮਰੀਜ਼ ਦੇ ਨਾਂ ਲਿਖੋ।**

**ਪ੍ਰ:3 ਪ੍ਰਾਈਮਰੀ ਮੈਮਰੀ ਕੀ ਹੈ?**

**ਪ੍ਰ:4 ਰੋਮ (ROM) ਦੀਆਂ ਵੱਖ-ਵੱਖ ਕਿਸਮਾਂ ਦੇ ਨਾਂ ਲਿਖੋ।**

**ਪ੍ਰ:5 ਰੈਂਡਮ ਐਕਸੈਸ ਮੈਮਰੀ ਬਾਰੇ ਤੁਸੀਂ ਕੀ ਜਾਣਦੇ ਹੋ?**

**ਪ੍ਰ:6 ਡਾਇਰੈਕਟ ਐਕਸੈਸ ਮੈਮਰੀ ਉਪਕਰਣਾਂ ਦੇ ਨਾਂ ਲਿਖੋ।**

## ਪ੍ਰ: 4 ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**ਪ੍ਰ:1 ਰੈਮ (RAM) ਅਤੇ ਰੋਮ (ROM) ਦਾ ਵਰਨਣ ਕਰੋ।**

**ਪ੍ਰ:2 ਬਾਹਰੀ ਮੈਮਰੀ (External Memory) ਦੀ ਵਿਆਖਿਆ ਕਰੋ।**

**ਪ੍ਰ:3 ਸੈਕੰਡਰੀ ਮੈਮਰੀ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।**

**ਪ੍ਰ:4 ਟਰੈਕਸ (Tracks) ਅਤੇ ਸੈਕਟਰਜ਼ (Sectors) ਕੀ ਹੁੰਦੇ ਹਨ?**

**ਪ੍ਰ:5 ਕੈਸ਼ੇ ਮੈਮਰੀ (Cache Memory) ਕੀ ਹੈ? ਇਸਦੇ ਲਾਭ ਅਤੇ ਹਾਨੀਆਂ ਲਿਖੋ।**